# Prime Minister’s meeting with Prime Minister of Norway

May 04, 2022

# ਪ੍ਰਧਾਨ ਮੰਤਰੀ ਦੀ ਨਾਰਵੇ ਦੇ ਪ੍ਰਧਾਨ ਮੰਤਰੀ ਦੇ ਨਾਲ ਬੈਠਕ

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਭਾਰਤ ਨਾਰਡਿਕ ਸਮਿਟ ਦੇ ਦੌਰਾਨ ਕੋਪੇਨਹੈਗਨ ਵਿੱਚ ਨਾਰਵੇ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਜੋਨਸ ਗਹਰ ਸਟੋਰ ਦੇ ਨਾਲ ਬੈਠਕ ਕੀਤੀ । ਅਕਤੂਬਰ , 2021 ਵਿੱਚ ਪ੍ਰਧਾਨ ਮੰਤਰੀ ਸਟੋਰ ਦੁਆਰਾ ਅਹੁਦਾ ਸੰਭਾਲਣ ਦੇ ਬਾਅਦ ਤੋਂ ਦੋਨੋਂ ਰਾਜਨੇਤਾਵਾਂ ਦੇ ਦਰਮਿਆਨ ਇਹ ਪਹਿਲੀ ਬੈਠਕ ਸੀ ।

ਦੋਹਾਂ ਪ੍ਰਧਾਨ ਮੰਤਰੀਆਂ ਨੇ ਦਵੱਲੇ ਸਬੰਧਾਂ ਦੇ ਤਹਿਤ ਜਾਰੀ ਗਤੀਵਿਧੀਆਂ ਦੀ ਸਮੀਖਿਆ ਕੀਤੀ ਅਤੇ ਸਹਿਯੋਗ ਦੇ ਭਾਵੀ ਖੇਤਰਾਂ ਉੱਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਇਸ ਗੱਲ ਨੂੰ ਰੇਖਾਂਕਿਤ ਕੀਤਾ ਕਿ ਨਾਰਵੇ ਦਾ ਕੌਸ਼ਲ ਅਤੇ ਭਾਰਤ ਦੀਆਂ ਸੰਭਾਵਨਾਵਾਂ ਕੁਦਰਤੀ ਤੌਰ ਉੱਤੇ ਇੱਕ-ਦੂਸਰੇ ਦੇ ਪੂਰਕ ਹਨ। ਦੋਹਾਂ ਨੇਤਾਵਾਂ ਨੇ ਜਲ ਨਾਲ ਜੁੜੀ ਅਰਥਵਿਵਸਥਾ, ਅਖੁੱਟ ਊਰਜਾ, ਹਰਿਤ ਹਾਈਡ੍ਰੋਜਨ, ਸੌਰ ਅਤੇ ਪਵਨ ਪ੍ਰੋਜੈਕਟਾਂ, ਹਰਿਤ ਸ਼ਿਪਿੰਗ, ਮੱਛੀ ਪਾਲਣ, ਜਲ ਪ੍ਰਬੰਧਨ, ਵਰਖਾ ਜਲ ਇਕੱਤਰੀਕਰਣ, ਪਲਾੜ ਸਹਿਯੋਗ, ਦੀਰਘਕਾਲੀ ਢਾਂਚਾ ਨਿਵੇਸ਼, ਸਿਹਤ ਅਤੇ ਸੱਭਿਆਚਾਰ ਜਿਹੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਸਮਰੱਥਾ ਉੱਤੇ ਚਰਚਾ ਕੀਤੀ।

ਖੇਤਰੀ ਅਤੇ ਆਲਮੀ ਘਟਨਾਕ੍ਰਮਾਂ ਉੱਤੇ ਵੀ ਚਰਚਾ ਹੋਈ। ਸੁਰੱਖਿਆ ਪਰਿਸ਼ਦ ਦੇ ਮੈਂਬਰ ਦੇਸ਼ਾਂ ਦੇ ਰੂਪ ਵਿੱਚ , ਭਾਰਤ ਅਤੇ ਨਾਰਵੇ ਸੰਯੁਕਤ ਰਾਸ਼ਟਰ ਵਿੱਚ ਆਪਸੀ ਹਿਤ ਦੇ ਆਲਮੀ ਮੁੱਦਿਆਂ ਉੱਤੇ ਇੱਕ-ਦੂਸਰੇ ਨੂੰ ਸਹਿਯੋਗ ਦਿੰਦੇ ਰਹੇ ਹਨ।

**ਕੋਪਨਹੇਗਨ**

**04 ਮਈ, 2022**

DISCLAIMER: This is an approximate translation. The original is available in English on MEA’s website and may be referred to as the official press release.